[Extract from the Punjab Govt. Gaz., dated the 18th July, 2014]

ਪੰਜਾਬ ਸਰਕਾਰ

ਪਸ਼ੂ ਪਾਲਣ, ਮੱਛੀ ਪਾਲਣ ਤੇ ਡੇਅਰੀ ਵਿਕਾਸ ਵਿਭਾਗ

(ਪਸ਼ੂ ਪਾਲਣ 2-ਸ਼ਾਖਾ)

ਅਧਿਸੂਚਨਾ

ਮਿਤੀ 2 ਜੁਲਾਈ, 2014

ਨੰ:18/24/1999.ਪ.ਪ.9(7)/258080/1.-ਪੰਜਾਬ ਦੇ ਖੇਤੀ ਅਰਥਚਾਰੇ ਵਿੱਚ ਪਸ਼ੂ ਧੰਨ ਦੇ ਮਹੱਤਵ ਨੂੰ ਧਿਆਨ ਵਿੱਚ ਰੱਖਦਿਆਂ ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਪੰਜਾਬ ਪਸ਼ੂ ਧੰਨ ਵਿਕਾਸ ਬੋਰਡ ਨੂੰ ਹੋਰ ਮਜ਼ਬੂਤ ਕਰਨ ਅਤੇ ਇਸ ਦੇ ਕੰਮਕਾਰ ਨੂੰ ਵਧੇਰੇ ਪ੍ਰਭਾਗੀ ਬਣਾਉਣ ਲਈ ਇਸ ਦੀ ਰਚਨਾ ਅਤੇ ਪ੍ਰਬੰਧਕੀ ਢਾਂਚੇ ਵਿੱਚ ਹੇਠ ਲਿਖੇ ਅਨੁਸਾਰ ਤਬਦੀਲੀ/ ਵਾਧਾ ਕਰਨ ਲਈ ਪ੍ਰਵਾਨਗੀ ਦਿੰਦੇ ਹਨ:-

ੳ) ਪੰਜਾਬ ਪਸ਼ੂ ਧੰਨ ਵਿਕਾਸ ਬੋਰਡ ਦੀ ਰਚਨਾ ਗਵਰਨਿੰਗ ਬਾਡੀ ਅਤੇ ਅਹੁਦੇਦਾਰਾਂ ਵਿੱਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਵੇ:

| | | |
|---|---|---|
| 1. | ਮਾਨਯੋਗ ਮੁੱਖ ਮੰਤਰੀ, ਪੰਜਾਬ | ਐੱਕਸ ਆਫੀਸੀਓ ਚੇਅਰਮੈਨ |
| 2. | ਪਸ਼ੂ ਪਾਲਣ ਮੰਤਰੀ | ਐੱਕਸ ਆਫੀਸੀਓ ਵਾਇਸ ਚੇਅਰਮੈਨ |
| 3. | ਪ੍ਰਬੰਧਕੀ ਸਕੱਤਰ, ਪਸ਼ੂ ਪਾਲਣ ਵਿਭਾਗ | ਐੱਕਸ ਆਫੀਸੀਓ ਚੀਫ ਐਗਜੈੱਗਟਿਵ ਅਫ਼ਸਰ |
| 4. | ਵਿਭਾਗ ਦਾ ਸੰਯੁਕਤ ਡਾਇਰੈਕਟਰ ਜਾਂ ਉਸ ਤੋਂ ਉੱਤੇ ਅਹੁਦੇ ਦਾ ਅਧਿਕਾਰੀ (ਸਰਕਾਰ ਵੱਲੋਂ ਨਾਮਜ਼ਦ) | ਐੱਕਸ ਆਫੀਸੀਓ ਐਡੀਸ਼ਨਲ ਚੀਫ |
| 5. | ਸਕੱਤਰ, ਵਿੱਤ ਵਿਭਾਗ ਜਾਂ ਉਸ ਦਾ ਨੁਮਾਇੰਦਾ ਜੋ ਸੰਯੁਕਤ ਸਕੱਤਰ ਤੋਂ ਘੱਟ ਨਾ ਹੋਵੇ | ਮੈਂਬਰ |
| 6. | ਉੱਪ ਕੁਲਪਤੀ, ਪੀ.ਏ.ਯੂ., ਲੁਧਿਆਣਾ | ਮੈਂਬਰ |
| 7. | ਭਾਰਤ ਸਰਕਾਰ ਦੇ ਨੈਸ਼ਨਲ ਪ੍ਰੋਜੈਕਟ ਅਥਾਰਟੀ ਦਾ ਨੁਮਾਇੰਦਾ | ਮੈਂਬਰ |
| 8. | ਸੰਯੁਕਤ ਕਮਿਸ਼ਨਰ, ਪਸ਼ੂ ਪਾਲਣ ਤੇ ਡੇਅਰੀ ਵਿਕਾਸ ਵਿਭਾਗ, ਭਾਰਤ ਸਰਕਾਰ | ਮੈਂਬਰ |
| 9. | ਰਿਜ਼ਨਲ ਡਾਇਰੈਕਟਰ, ਨਬਾਰਡ | ਮੈਂਬਰ |
| 10. | ਚਾਰ ਅਗਾਂਹ ਵਧੂ ਪਸ਼ੂ ਪਾਲਕ (ਪੰਜਾਬ ਸਰਕਾਰ ਵੱਲੋਂ ਨਾਮਜ਼ਦ) | ਮੈਂਬਰ |
| 11. | ਨੈਸ਼ਨਲ ਲੇਵਲ ਦਾ ਤਕਨੀਕੀ ਮਾਹਿਰ | ਮੈਂਬਰ |

ਅ) ਪੰਜਾਬ ਪਸ਼ੂ ਧੰਨ ਵਿਕਾਸ ਬੋਰਡ ਦੇ ਫੈਸਲਿਆਂ ਨੂੰ ਤੇਜੀ ਨਾਲ ਲਾਗੂਕਰਨ ਅਤੇ ਪ੍ਰਭਾਵੀ ਮੋਨੀਟਰਿੰਗ ਲਈ ਹੇਠ ਲਿਖੇ ਅਨੁਸਾਰ ਇੱਕ ਕਾਰਜਕਾਰੀ ਕਮੇਟੀ ਦਾ ਗਠਨ ਕੀਤਾ ਜਾਵੇ:-

| | | |
|---|---|---|
| 1. | ਪ੍ਰਬੰਧਕੀ ਸਕੱਤਰ, ਪਸ਼ੂ ਪਾਲਣ ਵਿਭਾਗ | ਚੇਅਰਮੈਨ |
| 2. | ਵਿਭਾਗ ਦਾ ਸੰਯੁਕਤ ਡਾਇਰੈਕਟਰ ਜਾਂ ਉਸ ਤੋਂ ਉੱਤੇ ਅਹੁਦੇ ਦਾ ਅਧਿਕਾਰੀ (ਸਰਕਾਰ ਵੱਲੋਂ ਨਾਮਜ਼ਦ) | ਮੈਂਬਰ ਸਕੱਤਰ |
| 3. | ਸਕੱਤਰ ਵਿੱਤ ਵਿਭਾਗ ਜਾਂ ਉਸ ਦਾ ਨੁਮਾਇੰਦਾ ਜੋ ਸੰਯੁਕਤ ਸਕੱਤਰ ਤੋਂ ਘੱਟ ਨਾ ਹੋਵੇ | ਮੈਂਬਰ |
| 4. | ਉਪ ਕੁਲਪਤੀ, ਗਡਵਾਸੂ, ਲੁਧਿਆਣਾ | ਮੈਂਬਰ |
| 5. | ਐੱਮ.ਡੀ., ਮਿਲਕਫੈੱਡ, ਪੰਜਾਬ | ਮੈਂਬਰ |
| 6. | ਡਾਇਰੈਕਟਰ, ਪਸ਼ੂ ਪਾਲਣ ਵਿਭਾਗ | ਮੈਂਬਰ |

7. ਡਾਇਰੈਕਟਰ, ਡੇਅਰੀ ਵਿਕਾਸ ਵਿਭਾਗ — ਮੈਂਬਰ
8. ਇੱਕ ਅਗਾਂਹ ਵਧੂ ਪਸ਼ੂ ਪਾਲਕ (ਬੋਰਡ ਦੇ ਮੈਂਬਰਾਂ ਵਿੱਚ ਬੋਰਡ ਵੱਲੋਂ ਨਾਮਜ਼ਦ) — ਮੈਂਬਰ

ੲ) ਪੰਜਾਬ ਪਸ਼ੂ ਧੰਨ ਵਿਕਾਸ ਬੋਰਡ ਦੀ ਰਚਨਾ ਅਤੇ ਪ੍ਰਬੰਧਕੀ ਢਾਂਚੇ ਵਿੱਚ ਉਕਤ ਅਨੁਸਾਰ ਤਬਦੀਲੀ/ ਵਾਧਾ ਕਰਨ ਲਈ ਪੰਜਾਬ ਪਸ਼ੂ ਧੰਨ ਵਿਕਾਸ ਬੋਰਡ ਦੇ ਰੂਲਾਂ ਵਿੱਚ ਲੋੜੀਂਦੀ ਸੋਧ ਕਰਨ ਦੀ ਕਾਰਵਾਈ ਕੀਤੀ ਜਾਵੇ।

ਇਹ ਅਧਿਸੂਚਨਾ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਵੱਲੋਂ ਮਿਤੀ 27-06-2014 ਨੂੰ ਦਿੱਤੀ ਪ੍ਰਵਾਨਗੀ ਅਨੁਸਾਰ ਜਾਰੀ ਕੀਤੀ ਜਾ ਰਹੀ ਹੈ।

ਡਾ: ਜੀ. ਵਜਰਾਲਿੰਗਮ
ਵਿੱਤੀ ਕਮਿਸ਼ਨਰ-ਕਮ-ਸਕੱਤਰ, ਪੰਜਾਬ ਸਰਕਾਰ,
ਪਸ਼ੂ ਪਾਲਣ, ਮੱਛੀ ਪਾਲਣ ਤੇ ਡੇਅਰੀ ਵਿਕਾਸ ਵਿਭਾਗ।

*0535/07-2014/Pb. Govt. Press, S.A.S. Nagar*